دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# 23 ਮਾਰਚ ਦੇ ਹਵਾਲੇ ਨਾਲ ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਇਰਸ਼ਾਦਾਂ ਦੀ ਰੋਸ਼ਨੀ ਵਿੱਚ ਮਸੀਹ ਮੌਊਦ ਦੀ ਆਮਦ ਦਾ ਜ਼ਿਕਰ ਅਤੇ ਪਾਕਿਸਤਾਨੀ ਅਹਮਦੀਆਂ ਅਤੇ ਉੱਮਤਿ ਮੁਸਲਿਮਾ ਦੇ ਲਈ ਦੁਆਵਾਂ ਦੀ ਤਹਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 21 ਮਾਰਚ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਪਰਸੋਂ 23 ਮਾਰਚ ਹੈ। ਜਮਾਤ ਅਹਮਦਿੱਯਾ ਦੀ ਤਾਰੀਖ਼ ਵਿੱਚ 23 ਮਾਰਚ ਦਾ ਦਿਨ ਬੜੀ ਅਹਿਮੀਅਤ ਰੱਖਦਾ ਹੈ ਕਿਉਂਕਿ 23 ਮਾਰਚ 1889 ਈ: ਨੂੰ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਬੈਅਤ ਦੀ ਸ਼ੁਰੂਆਤ ਨਾਲ ਜਮਾਤ ਦੀ ਨੀਂਹ ਰੱਖੀ ਸੀ। ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦਾ ਆਉਣਾ ਐਨ ਅੱਲਾਹਹ ਤਆਲਾ ਦੇ ਵਾਅਦੇ ਦੇ ਮੁਤਾਬਿਕ਼ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਪੇਸ਼ਗੋਈਆਂ ਦੇ ਮੁਤਾਬਿਕ਼ ਸੀ। ਉਸ ਵੇਲੇ ਇਸਲਾਮ ਦੀ ਕਸ਼ਤੀ ਡਾਂਵਾਂ ਡੋਲ ਹੀ ਸੀ। ਅਜੇ ਵੀ ਧਾਰਮਿਕ ਅਤੇ ਸਿਆਸੀ ਅਤੇ ਦੁਨਿਆਵੀ ਲਿਹਾਜ਼ ਨਾਲ ਵੀ ਨਾ ਕ਼ਾਬਿਲਿ ਬਿਆਨ ਹੈ। ਭਾਂਵੇਂ ਕਈ ਮੁਸਲਮਾਨ ਮੁਲਕ ਤੇਲ ਦੀ ਦੌਲਤ ਨਾਲ ਮਾਲਾਮਾਲ ਹਨ ਪਰ ਉਹਨਾਂ ਦੀ ਅਹਿਮੀਅਤ ਅਤੇ ਇੱਜ਼ਤ ਖ਼ਤਮ ਹੋ ਚੁੱਕੀ ਹੈ। ਪਰ ਉਸ ਵੇਲੇ ਜਦ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਬੈਅਤ ਲਈ, ਉਸ ਵੇਲੇ ਮੁਸਲਮਾਨਾਂ ਦੀ ਹਾਲਤ ‘ਤੇ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦਾ ਦਿਲ ਖ਼ੂਨ ਦੇ ਹੰਜੂ ਰੋਂਦਾ ਸੀ। ਇਸਲਾਮ ‘ਤੇ ਖ਼ਾਸ ਤੌਰ ਤੇ ਇਸਾਈਅਤ ਵੱਲੋਂ ਤਾਬੜ ਤੋੜ ਹਮਲੇ ਹੋ ਰਹੇ ਸਨ। ਕੋਈ ਜਵਾਬ ਦੇਣ ਵਾਲਾ ਨਹੀਂ ਸੀ। ਮੁਸਲਮਾਨ ਧਰਮ ਗਿਆਨੀ ਡਰਦੇ ਰਹਿੰਦੇ ਸਨ। ਲੱਖਾਂ ਮੁਸਲਮਾਨ ਇਸਾਈਅਤ ਦੀ ਗੋਦ ਵਿੱਚ ਡਿੱਗ ਰਹੇ ਸਨ।

ਉਸ ਵੇਲੇ ਜਦ ਮੁਸਲਮਾਨਾਂ ਦੀ ਇਹ ਹਾਲਤ ਸੀ ਤਾਂ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕ਼ਾਦੀਆਨੀ ਹੀ ਸਨ ਜਿਹੜੇ ਅੱਲਾਹ ਤਆਲਾ ਦੇ ਹੁਕਮ ਨਾਲ ਖੜੇ ਹੋਏ ਅਤੇ ਇਸਲਾਮ ਦੇ ਬਚਾਅ ਵਿੱਚ ਇੱਕ “ਜਰਿਉੱਲਾਹ” ਦਾ ਕਿਰਦਾਰ ਨਿਭਾਇਆ। ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਸਾਰੇ ਧਰਮਾਂ ਨੂੰ ਜਿਹੜੇ ਉਸ ਜ਼ਮਾਨੇ ਵਿੱਚ ਮੌਜੂਦ ਸਨ, ਜਿਹੜੇ ਵੀ ਇਸਲਾਮ ਅਤੇ ਇਸਲਾਮ ਦੇ ਬਾਨੀ ਸੱਲ-ਲੱਲਾਹੁ ਅਲੈਹਿ-ਵਸੱਲਮ ‘ਤੇ ਭਾਸ਼ਣਾ ਅਤੇ ਲਿਖਤਾਂ ਨਾਲ ਨਾਪਾਕ ਹਮਲੇ ਕਰ ਰਹੇ ਸਨ, ਨੂੰ ਜਵਾਬ ਦਿੱਤਾ। ਬੈਅਤ ਲੈਣ ਤੋਂ ਪਹਿਲਾਂ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਇਸ ਦਰਦ ਦੇ ਕਾਰਨ ਇੱਕ ਕਿਤਾਬ ਵੀ ਲਿਖੀ ਜਿਹੜੀ “ਬਰਾਹੀਨਿ ਅਹਮਦਿੱਯਾ” ਦੇ ਨਾਮ ਨਾਲ ਮਸ਼ਹੂਰ ਹੈ। ਇਸ ਵਿੱਚ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਦੁਸ਼ਮਣਾਂ ਦੇ, ਇਸਲਾਮ ਦੇ ਵਿਰੋਧੀਆਂ ਦੇ ਹਮਲਿਆਂ ਦਾ ਜ਼ੋਰਦਾਰ ਜਵਾਬ ਦਿੱਤਾ। ਅਤੇ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਉਸ ਵਿੱਚ ਕ਼ੁਰਆਨ ਕਰੀਮ ਦੇ ਰੱਬੀ ਬਾਣੀ ਹੋਣ, ਅਤੇ ਬੇਮਿਸਾਲ ਕਿਤਾਬ ਹੋਣ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸੱਚੇ ਅਤੇ ਆਖ਼ਰੀ ਨਬੀ ਹੋਣ ਦੀਆਂ ਅਟੱਲ ਦਲੀਲਾਂ ਪੇਸ਼ ਕੀਤੀਆਂ। ਫ਼ਰਮਾਇਆ ਕਿ ਜਿਹੜਾ ਇਹਨਾਂ ਦਲੀਲਾਂ ਨੂੰ ਰੱਦ ਕਰੇਗਾ ਉਸਦੇ ਲਈ ਚੈਲੰਜ ਹੈ। ਫ਼ਰਮਾਇਆ ਜਿਹੜਾ ਇਸ ਦਾ ਤੀਸਰਾ ਜਾਂ ਚੌਥਾ ਜਾਂ ਪੰਜਵਾਂ ਹਿੱਸਾ ਵੀ ਰੱਦ ਕਰ ਦੇਵੇ ਤਾਂ 10 ਹਜ਼ਾਰ ਰੁਪਏ ਇਨਾਮ ਦੇਵਾਂਗਾ ਜਿਹੜਾ ਉਸ ਵੇਲੇ ਇੱਕ ਬਹੁਤ ਵੱਡਾ ਇਨਾਮ ਸੀ। ਉਸ ਵੇਲੇ ਮੁਸਲਮਾਨਾਂ ਨੂੰ ਹੌਂਸਲਾ ਹੋਇਆ ਕਿ ਇਸਲਾਮ ਵੀ ਕੋਈ ਧਰਮ ਹੈ। ਧਰਮ

ਗਿਆਨੀਆਂ ਨੇ ਬੜੀ ਤਾਰੀਫ਼ ਕੀਤੀ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੀ ਇਸਲਾਮ ਦੀ ਇਸ ਸੇਵਾ ਦੇ ਕਾਰਨ ਲੋਕਾਂ ਨੇ ਕਿਹਾ ਕਿ ਸਾਡੇ ਤੋਂ ਬੈਅਤ ਲੈ ਲਵੋ। ਪਰ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੂੰ ਉਸ ਵੇਲੇ ਹੁਕਮ ਨਹੀਂ ਸੀ ਪਰ ਜਦ ਹੁਕਮ ਹੋਇਆ ਤਾਂ ਬੈਅਤ ਲਈ। ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਦਸੰਬਰ 1888 ਈਫ਼: ਵਿੱਚ "ਤਬਲੀਗ਼" ਦੇ ਨਾਮ ਨਾਲ ਬੈਅਤ ਦੇ ਲਈ ਐਲਾਨ ਪ੍ਰਕਾਸ਼ਿਤ ਕੀਤਾ ਕਿ ਜਦ ਤੂੰ ਪੱਕਾ ਇਰਾਦਾ ਕਰ ਲਵੇਂ ਤਾਂ ਅੱਲਾਹ ਤਆਲਾ 'ਤੇ ਭਰੋਸਾ ਕਰ ਅਤੇ ਸਾਡੇ ਸਾਹਮਣੇ ਅਤੇ ਸਾਡੀ ਆਕਾਸ਼ਬਾਣੀ ਦੇ ਤਹਿਤ ਕਸ਼ਤੀ ਤਿਆਰ ਕਰ। ਜਿਹੜੇ ਲੋਕ ਤੇਰੇ ਹੱਥ ਤੇ ਬੈਅਤ ਕਰਨਗੇ ਉਹ ਤੇਰੇ ਤੋਂ ਨਹੀਂ ਖ਼ੁਦਾ ਤੋਂ ਬੈਅਤ ਕਰਨਗੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਫਿਰ ਅੱਲਾਹ ਤਆਲਾ ਨੇ ਨਿਸ਼ਾਨ ਵੀ ਦਿਖਾਏ ਜਿਹਨਾਂ ਵਿੱਚੋਂ ਖ਼ਾਸ ਤੌਰ 'ਤੇ ਕਸੂਫ਼ ਅਤੇ ਖ਼ਸੂਫ਼ ਦਾ ਆਸਮਾਨੀ ਨਿਸ਼ਾਨ ਹੈ। ਜਿਸ ਦੇ ਬਾਰੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਮੇਰੇ ਮਹਦੀ ਦੀ ਆਮਦ ਦਾ ਖ਼ਾਸ ਨਿਸ਼ਾਨ ਹੈ ਜਿਹੜਾ ਨਿਰਧਾਰਿਤ ਤਰੀਕਾਂ 'ਤੇ ਲੱਗਣਾ ਸੀ। ਜਿਹੜਾ 1894 ਈ: ਵਿੱਚ ਪੂਰਬ ਅਤੇ 1895 ਈ: ਵਿੱਚ ਪੱਛਮ ਵਿੱਚ ਲੱਗਿਆ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇੱਥੇ ਇਹ ਵੀ ਅਰਜ਼ ਕਰ ਦੇਵਾਂ ਕਿ ਇਸ ਰਮਜ਼ਾਨ ਵਿੱਚ ਵੀ ਚੰਦ ਗ੍ਰਹਿਣ ਅਤੇ ਸੂਰਜ ਗ੍ਰਹਿਣ ਲੱਗਣਾ ਹੈ। ਅਤੇ ਉਹਨਾਂ ਤਰੀਕਾਂ ਵਿੱਚ ਹੀ ਲੱਗਣਾ ਹੈ ਅਤੇ ਅਗਾਂਹ ਵੀ ਹੋ ਸਕਦਾ ਹੈ ਕਿ ਲੱਗਦਾ ਰਹੇ। ਪਰ ਜਿਹੜਾ ਚੰਦ ਅਤੇ ਸੂਰਜ ਗ੍ਰਹਿਣ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਤੇ ਜ਼ਮਾਨੇ ਵਿੱਚ ਲੱਗਿਆ ਅਤੇ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਦਾਅਵੇ ਦੇ ਬਾਅਦ ਲੱਗਿਆ, ਉਸ ਦੀ ਆਪਣੀ ਅਹਿਮੀਅਤ ਹੈ। ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਅੱਲਾਹ ਤਆਲਾ ਤੋਂ ਇੱਕ ਫ਼ੁਰਕ਼ਾਨ ਅਤੇ ਨਿਸ਼ਾਨ ਮੰਗਿਆ ਸੀ ਜਿਹੜਾ ਅੱਲਾਹ ਤਆਲਾ ਨੇ ਦਿਖਾ ਦਿੱਤਾ। ਕੁੱਝ ਅਹਿਮਦੀ ਇਹਨਾਂ ਦਿਨਾਂ ਵਿੱਚ ਜਿਹੜਾ ਗ੍ਰਹਿਣ ਲੱਗ ਰਿਹਾ ਹੈ ਉਸਨੂੰ ਨਿਸ਼ਾਨ ਦੱਸ ਰਹੇ ਹਨ, ਇਹ ਅੱਲਾਹ ਤਆਲਾ ਬਿਹਤਰ ਜਾਣਦਾ ਹੈ। ਪਰ ਜੇਕਰ ਨਿਸ਼ਾਨ ਸਮਝਣਾ ਵੀ ਹੈ ਤਾਂ ਇਹ ਇੱਕ ਸਿਲਸਿਲਾ ਹੈ ਜਿਹੜਾ ਜਾਰੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ 12 ਜਨਵਰੀ 1889 ਈ: ਨੂੰ "ਤਕਮੀਲਿ ਤਬਲੀਗ਼" ਦੇ ਨਾਮ ਨਾਲ ਇਸ਼ਤਿਹਾਰ ਪ੍ਰਕਾਸ਼ਿਤ ਕੀਤਾ ਅਤੇ ਉਸ ਵਿੱਚ ਬੈਅਤ ਦੀਆਂ ਦਸ ਸ਼ਰਤਾਂ ਰੱਖੀਆਂ। ਹਜ਼ੂਰ ਅਨਵਰ ਨੇ ਇਹਨਾਂ ਸ਼ਰਤਾਂ ਦੀ ਵਿਆਖਿਆ ਬਿਆਨ ਕਰਕੇ ਫ਼ਰਮਾਇਆ ਇਹਨਾਂ ਸ਼ਰਤਾਂ 'ਤੇ ਬਹੁਤ ਸਾਰੇ ਨੇਕ ਲੋਕਾਂ ਨੇ ਬੈਅਤ ਕੀਤੀ ਅਤੇ ਹੁਣ ਤੱਕ ਇਹਨਾਂ ਸ਼ਰਤਾਂ 'ਤੇ ਬੈਅਤ ਕਰ ਰਹੇ ਹਨ। ਸਾਨੂੰ ਸੋਚਣਾ ਚਾਹੀਦਾ ਹੈ ਕਿ ਕੀ ਅਸੀਂ ਇਸ 'ਤੇ ਅਮਲ ਕਰ ਰਹੇ ਹਾਂ? ਜਮਾਤ ਵਿੱਚ ਨੇਕ ਲੋਕਾਂ ਦੀ ਇੱਕ ਵੱਡੀ ਗਿਣਤੀ ਹੈ ਜਿਹੜੀ ਬੈਅਤ ਕਰਦੀ ਹੈ ਅਤੇ ਜਾਨ, ਮਾਲ, ਵਕ਼ਤ ਅਤੇ ਇੱਜ਼ਤ ਨੂੰ ਕੁਰਬਾਨ ਕਰਨ, ਦੀਨ ਦੀ ਵਡਿਆਈ ਕ਼ਾਇਮ ਕਰਨ ਅਤੇ ਇਸਲਾਮ ਦਾ ਸੁਨੇਹਾ ਦੁਨੀਆ ਵਿੱਚ ਪਹੁੰਚਾਉਣ ਦੀ ਜਿੱਥੋਂ ਤੱਕ ਹੋ ਸਕੇ ਕੋਸ਼ਿਸ਼ ਕਰਨ ਲਈ ਤਿਆਰ ਰਹਿੰਦੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ ਇਸ਼ਕ਼ ਦਾ ਹਾਲ ਜਿਹੜਾ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਦਿਲ ਵਿੱਚ ਸੀ ਉਸਦਾ ਨਕ਼ਸ਼ਾ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਇੱਕ ਲੇਖ ਵਿੱਚ ਇੰਝ ਮਿਲਦਾ ਹੈ। ਫ਼ਰਮਾਇਆ ਕਿ ਮੈਂ ਹਮੇਸ਼ਾ ਅਚੰਭੇ ਦੀ ਨਿਗਾਹ ਨਾਲ ਦੇਖਦਾ ਹਾਂ ਕਿ ਇਹ ਅਰਬੀ ਨਬੀ ਜਿਸਦਾ ਨਾਮ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਹੈ ਇਹ ਕਿਸ ਉੱਚੇ ਮਰਤਬੇ ਦਾ ਨਬੀ ਹੈ। ਉਸ ਦੇ ਉਚੇਰੇ ਮਰਤਬੇ ਦੀ ਇੰਤਿਹਾ ਪਤਾ ਨਹੀਂ ਲੱਗ ਸਕਦੀ ਅਤੇ ਉਸ ਦੀ ਪਵਿੱਤਰਤਾ ਦੀ ਸ਼ਕਤੀ ਦਾ ਅੰਦਾਜ਼ਾ ਕਰਨਾ ਇਨਸਾਨ ਦਾ ਕੰਮ ਨਹੀਂ। ਅਫ਼ਸੋਸ ਕਿ ਜਿਵੇਂ ਦਾ ਹੱਕ਼ ਪਛਾਨਣ ਦਾ ਹੈ ਉਸਦੇ ਮਰਤਬੇ ਨੂੰ ਪਛਾਣਿਆ ਨਹੀਂ ਗਿਆ। ਉਹ ਤੌਹੀਦ ਜਿਹੜੀ ਦੁਨੀਆ ਤੋਂ ਗਵਾਚ ਚੁੱਕੀ ਸੀ ਉਹੀ ਇਕ ਪਹਿਲਵਾਨ ਹੈ ਜਿਹੜਾ ਦੁਬਾਰਾ ਉਸਨੂੰ ਦੁਨਿਆ ਵਿੱਚ ਲੈ ਆਇਆ। ਉਸ ਨੇ ਖ਼ੁਦਾ ਨਾਲ ਇੰਤਿਹਾਈ ਦਰਜੇ 'ਤੇ ਮੁਹੱਬਤ ਕੀਤੀ ਅਤੇ ਇੰਤਿਹਾਈ ਦਰਜੇ 'ਤੇ ਇਨਸਾਨਾਂ ਦੀ ਹਮਦਰਦੀ ਵਿੱਚ ਉਸਦੀ ਜਾਨ ਪਿਘਲੀ। ਇਸ ਲਈ ਖ਼ੁਦਾ ਨੇ ਜੋ ਉਸਦੇ ਦਿਲ ਦੇ ਰਾਜ਼ ਦਾ ਜਾਣਣਹਾਰ ਸੀ ਉਸਨੂੰ ਸਾਰੇ ਨਬੀਆਂ ਅਤੇ ਸਾਰੇ ਪਹਿਲੇ ਲੋਕਾਂ ਅਤੇ ਸਾਰੇ ਆਖ਼ਰੀ ਲੋਕਾਂ 'ਤੇ ਫ਼ਜ਼ੀਲਤ ਬਖ਼ਸ਼ੀ ਅਤੇ ਉਸਦੀ ਮੁਰਾਦਾਂ ਉਸਦੀ ਜ਼ਿੰਦਗੀ ਵਿੱਚ ਉਸਨੂੰ ਦੇ ਦਿੱਤੀਆਂ। ਉਹੀ ਹੈ ਜਿਹੜਾ ਹਰ ਇਕ ਫ਼ੈਜ਼ ਦਾ ਸ੍ਰੋਤ ਹੈ ਅਤੇ ਉਹ ਸ਼ਖ਼ਸ ਜਿਹੜਾ ਬਗ਼ੈਰ ਉਸਦੇ ਫ਼ੈਜ਼ ਦੇ ਇਕ਼ਰਾਰ ਦੇ ਕਿਸੇ ਫ਼ਜ਼ੀਲਤ ਦਾ ਦਾਅਵਾ ਕਰਦਾ ਹੈ, ਉਹ ਇਨਸਾਨ ਨਹੀਂ ਬਲਕਿ ਸ਼ੈਤਾਨ ਦੀ ਔਲਾਦ ਹੈ ਕਿਉਂਕਿ ਹਰ ਇੱਕ ਫ਼ਜ਼ੀਲਤ ਦੀ ਕੁੰਜੀ ਉਸੇ ਨੂੰ ਦਿੱਤੀ ਗਈ ਹੈ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ ਉਹ ਗੱਲਾਂ ਹਨ, ਇਹ ਉਹ ਇਸ਼ਕ਼ਿ ਰਸੂਲ

ਸੀ ਜਿਸ ਦੇ ਕਾਰਨ ਅੱਲਾਹ ਤਆਲਾ ਨੇ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੂੰ ਭੇਜਿਆ। ਅੱਲਾਹ ਤਆਲਾ ਨੇ ਫ਼ਰਮਾਇਆ ਕਿ ਮੈਂ ਇਸ ਇਸ਼ਕ਼ ਅਤੇ ਮੁਹੱਬਤ ਦੇ ਕਾਰਨ ਇਹ ਮੁਕ਼ਾਮ ਦਿੰਦਾ ਹਾਂ ਕਿ ਮਸੀਹ ਅਤੇ ਮਹਦੀ ਹੋਣ ਦਾ ਐਲਾਨ ਕਰ ਅਤੇ ਇਸਲਾਮ ਦੀ ਦੂਸਰੀ ਜ਼ਿੰਦਗੀ ਦਾ ਵਾਅਦਾ ਅੱਜ ਪੂਰਾ ਕਰਦਾ ਹਾਂ ਅਤੇ ਤੇਰੇ ਸਪੁਰਦ ਇਹ ਕੰਮ ਕਰਦਾ ਹਾਂ। ਅਤੇ ਫਿਰ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਉਸ ਦਾ ਹੱਕ਼ ਅਦਾ ਕੀਤਾ। ਫਿਰ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਆਪਣੀ ਜਮਾਤ ਨੂੰ ਨਸੀਹਤ ਕੀਤੀ ਕਿ ਮਸੀਹ ਮੌਊਦ ਨਾਲ਼ ਸਹਾਬਾ ਵਰਗੇ ਲੋਕ ਹੋਣਗੇ। ਬਸ ਜਦ ਇਹ ਅੱਲਾਹ ਤਆਲਾ ਦਾ ਫ਼ਰਮਾਨ ਹੈ, ਜਦ ਅਸੀਂ ਬੈਅਤ ਵਿੱਚ ਆਏ ਹਾਂ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਨਾਮ ਰੋਸ਼ਨ ਕਰਾਂਗੇ, ਇਸਲਾਮ ਦਾ ਨਾਮ ਰੋਸ਼ਨ ਕਰਾਂਗੇ ਅਤੇ ਇਸਲਾਮ ਦੇ ਪ੍ਰਚਾਰ ਨੂੰ ਦੁਨੀਆਂ ਦੇ ਕਿਨਾਰਿਆਂ ਤੱਕ ਪਹੁੰਚਾਵਾਂਗੇ ਤਾਂ ਫਿਰ ਸਾਨੂੰ ਉਹਨਾਂ ਸਹਾਬਾ ਦਾ ਰੰਗ ਵੀ ਇਖ਼ਤਿਆਰ ਕਰਨਾ ਹੋਵੇਗਾ। ਫ਼ਰਮਾਇਆ ਕਿ ਸਾਡੇ ਕਾਮਿਲ ਰਹਿਨੁਮਾ ਦੇ ਸਹਾਬਾ ਨੇ ਆਪਣੇ ਖ਼ੁਦਾ ਅਤੇ ਰਸੂਲ ਦੇ ਲਈ ਕੀ ਕੀ ਕ਼ੁਰਬਾਨੀਆਂ ਦਿੱਤੀਆਂ। ਉਹ ਕੀ ਗੱਲਾਂ ਸਨ ਕਿ ਜਿਸ ਨੇ ਉਹਨਾਂ ਨੂੰ ਐਸੀਆਂ ਕ਼ੁਰਬਾਨੀਆਂ ਕਰਨ ਵਾਲ਼ਾ ਬਣਾ ਦਿੱਤਾ। ਉਹ ਸੱਚੀ ਇਲਾਹੀ ਮੁਹੱਬਤ ਦਾ ਜੋਸ਼ ਸੀ ਜਿਸ ਦੀ ਸ਼ੁਆ ਉਹਨਾਂ ਦੇ ਦਿਲ ਵਿੱਚ ਪੈ ਚੁੱਕੀ ਸੀ। ਸੋ ਚਾਹੇ ਕਿਸੇ ਨਬੀ ਦੇ ਨਾਲ਼ ਮੁਕ਼ਾਬਲਾ ਕਰ ਲਿਆ ਜਾਵੇ, ਉਸ ਦੀ ਮਿਸਾਲ ਕਿਤੇ ਨਹੀਂ ਮਿਲ਼ ਸਕੇਗੀ। ਸੋ ਇਹ ਮੁਕ਼ਾਮ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਹਾਬਾ ਦਾ ਹੈ। ਅਤੇ ਉਹਨਾਂ ਵਿੱਚ ਜਿਹੜੀ ਆਪਸ ਵਿੱਚ ਉਲਫ਼ਤ ਅਤੇ ਮੁਹੱਬਤ ਸੀ ਉਸ ਦਾ ਨਕ਼ਸ਼ਾ ਦੋ ਸਤਰਾਂ ਵਿੱਚ ਬਿਆਨ ਕੀਤਾ ਹੈ: ਜਿਹੜੀ ਉਲਫ਼ਤ ਉਹਨਾਂ ਵਿੱਚ ਹੈ ਉਹ ਹਰਗਿਜ਼ ਪੈਦਾ ਨਾ ਹੁੰਦੀ ਭਾਵੇਂ ਸੋਨੇ ਦਾ ਪਹਾੜ ਵੀ ਦੇ ਦਿੱਤਾ ਜਾਂਦਾ। ਫ਼ਰਮਾਇਆ ਕਿ ਫਿਰ ਹਜ਼ਰਤ ਮਸੀਹ ਮੌਊਦ ਸਾਡੇ ਕੋਲੋਂ ਪੁੱਛ ਰਹੇ ਹਨ ਕਿ ਕੀ ਤੁਸੀਂ ਅਜਿਹੇ ਹੋ? ਸਹਾਬਾ ਤਾਂ ਉਹ ਸਨ ਜਿਹਨਾਂ ਨੇ ਆਪਣੀ ਜਾਨ, ਮਾਲ, ਖ਼ੁਦਾ ਦੀ ਰਾਹ ਵਿੱਚ ਦੇ ਦਿੱਤਾ ਸੀ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਸਾਡੇ ਲਈ ਤਾਂ ਇੰਨੀ ਸਖ਼ਤੀ ਨਹੀਂ ਯਾਨੀ ਜੰਗਾਂ ਨਹੀਂ ਹੋਣਗੀਆਂ। ਸਾਡੇ ਲਈ ਤਾਂ ਜਿਹੜੀ ਕ਼ੁਰਬਾਨੀ ਦਾ ਥੋੜਾ ਮੌਕ਼ਾ ਦਿੱਤਾ ਹੈ ਉਸ ਵਿੱਚ ਜਾਨ, ਮਾਲ, ਵਕ਼ਤ ਕ਼ੁਰਬਾਨ ਕਰਨ ਦਾ ਜਿਹੜਾ ਵਾਅਦਾ ਕੀਤਾ ਹੈ ਉਸਦੇ ਲਈ ਤਿਆਰ ਰਹਿਣਾ ਚਾਹੀਦਾ ਹੈ। ਹਜ਼ੂਰ ਅਨਵਰ ਨੇ ਹਜ਼ਰਤ ਮਸੀਹ ਮੌਊਦ ਦੀ ਜਮਾਤ ਨੂੰ ਨਸੀਹਤਾਂ ਭਰੇ ਇਰਸ਼ਾਦਾਂ ਦਾ ਜ਼ਿਕਰ ਕੀਤਾ। ਹਜ਼ਰਤ ਮਸੀਹ ਮੌਊਦ ਨੇ ਫ਼ਰਮਾਇਆ ਕਿ ਕ਼ੁਰਆਨ ਕਰੀਮ ਪੜ੍ਹੋ ਪਰ ਕ਼ਿੱਸੇ ਕਹਾਣੀਆਂ ਦੇ ਤੌਰ 'ਤੇ ਨਹੀਂ। ਇੱਕ ਜਗ੍ਹਾ ਫ਼ਰਮਾਇਆ ਕਿ ਲੋਕ ਕਿਵੇਂ ਸੁਰੀਲੀ ਆਵਾਜ਼ ਨਾਲ਼ ਕ਼ੁਰਆਨ ਪੜ੍ਹਦੇ ਹਨ ਪਰ ਉਹਨਾਂ ਦੇ ਸੰਘ ਤੋਂ ਥੱਲੇ ਨਹੀਂ ਉਤਰਦਾ। ਕ਼ੁਰਆਨ ਕਰੀਮ ਜਿਸ ਦਾ ਦੂਸਰਾ ਨਾਮ ਜ਼ਿਕਰ ਹੈ ਇਨਸਾਨ ਨੂੰ ਆਪਣੇ ਅੰਦਰ ਲੁਕੀਆਂ ਹੋਈਆਂ ਅਤੇ ਭੁੱਲ ਚੁੱਕੀਆਂ ਸੱਚਾਈਆਂ ਨੂੰ ਯਾਦ ਦਵਾਉਣ ਦੇ ਲਈ ਆਇਆ ਹੈ। ਕ਼ੁਰਆਨ ਇਸ ਜਮਾਨੇ ਵਿੱਚ ਵੀ ਜ਼ਿਕਰ ਹੈ ਅਤੇ ਉਸ ਨੂੰ ਸਿਖਾਉਣ ਦੇ ਲਈ ਇਕ ਅਧਿਆਪਕ ਆਸਮਾਨ ਤੋਂ ਆਇਆ ਹੈ ਜਿਹੜਾ ਕਿ وَآخَرِينَ مِنْهُمْ ਮਿਸਦਾਕ਼ ਅੱਜ ਮੌਜੂਦ ਹੈ। ਜਿਹੜੇ ਸਾਡੇ ਵਿਰੋਧੀ ਹਨ ਇਹ ਸਾਡੇ ਹੀ ਨਹੀਂ ਬਲਕਿ ਇਹ ਖ਼ੁਦਾ ਦੇ ਵਾਅਦਿਆਂ ਦੀ ਕ਼ਦਰ ਨਾ ਕਰਨ ਵਾਲ਼ੇ ਹਨ। ਇਹ ਉਹ ਹਨ ਜਿਹਨਾਂ ਦੇ ਸੰਘ ਤੋਂ ਕ਼ੁਰਆਨ ਥੱਲੇ ਨਹੀਂ ਉਤਰਦਾ। ਨਸੀਹਤ ਕਰਨ ਵਾਲ਼ੇ ਦੀ ਨਸੀਹਤ ਵੀ ਨਹੀਂ ਸੁਣਦੇ। ਖ਼ੁਦਾ ਤਾਂ ਸਬਰ ਅਤੇ ਚੰਗੇ ਗੁਮਾਨ ਤੋਂ ਕੰਮ ਲੈਣ ਦੇ ਲਈ ਕਹਿੰਦਾ ਹੈ ਅਤੇ ਇਹ ਸਿਰਫ਼ ਵਿਰੋਧ ਕਰਦੇ ਹਨ। ਅੱਜ ਇਸਲਾਮ ਦੇ ਇਲਾਵਾ ਕੋਈ ਧਰਮ ਨਹੀਂ ਜਿਹੜਾ ਲੋਕਾਂ ਨੂੰ ਜ਼ਿੰਦਗੀ ਬਖ਼ਸ਼ ਸਕਦਾ ਹੈ ਅਤੇ ਖ਼ੁਦਾ ਇਸ ਕੰਮ ਨੂੰ ਕਰਨ ਦੇ ਲਈ ਵਸੀਲੇ ਅਪਣਾਉਂਦਾ ਹੈ ਭਾਵੇਂ ਉਹ ਸਾਨੂੰ ਨਜ਼ਰ ਅਤੇ ਸਮਝ ਆਉਣ ਜਾਂ ਨਾ।

ਜਿਵੇਂ ਪਹਿਲੇ ਜ਼ਮਾਨੇ ਵਿੱਚ ਖ਼ੁਦਾ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਨਾਜ਼ਿਲ ਕਰਕੇ ਨੂਰ ਉਤਾਰਿਆ ਇਸ ਜ਼ਮਾਨੇ ਵਿੱਚ ਖ਼ੁਦਾ ਨੇ ਮੈਨੂੰ ਨਾਜ਼ਿਲ ਕੀਤਾ ਹੈ। ਮੈਂ ਖ਼ੁਦਾ ਦੇ ਵੱਲੋਂ ਹਾਂ ਚਾਹੋ ਤਾਂ ਮੈਨੂੰ ਮੰਨੋ ਜਾਂ ਨਾ ਮੰਨੋ। ਖ਼ੁਦਾ ਨੇ ਚਾਹਿਆ ਕਿ ਆਖ਼ਰੀ ਦੌਰ ਵਿੱਚ ਇਸਲਾਮ ਦੀ ਦੂਸਰੀ ਜ਼ਿੰਦਗੀ ਮਸੀਹ ਮੌਊਦ ਦੇ ਹੱਥੋਂ ਹੀ ਹੋਵੇ। ਇਸੇ ਲਈ ਉਸ ਨੂੰ "ਕ਼ਾਸਿਰਿ ਸਲੀਬ" ਦਾ ਨਾਮ ਦਿੱਤਾ ਗਿਆ ਹੈ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਜਦ ਖ਼ੁਦਾ ਨੇ ਹਜ਼ਰਤ ਮਸੀਹ ਮੌਊਦ ਨੂੰ ਭੇਜਿਆ ਤਦ ਇਸਾਈ ਫ਼ਿਤਨਾ ਇਸ ਜ਼ੋਰ ਦਾ ਸੀ ਕਿ ਜਿਹੜਾ ਪਹਿਲੇ ਜ਼ਮਾਨੇ ਵਿੱਚ ਨਹੀਂ ਮਿਲ਼ਦਾ। ਤਾਂ ਕੀ ਇਸ ਫ਼ਿਤਨੇ ਦੇ ਵੇਲ਼ੇ ਖ਼ੁਦਾ ਦੀ ਗ਼ੈਰਤ ਦੀ ਮੰਗ ਨਹੀਂ ਸੀ ਕਿ ਉਹ "ਕ਼ਾਸਿਰਿ ਸਲੀਬ" ਨੂੰ ਭੇਜੇ। ਇਸ ਲਈ ਉਸ ਨੇ ਮਸੀਹ ਮੌਊਦ ਨੂੰ ਭੇਜਿਆ। ਅੱਜ ਇਹ ਇਸ ਜਮਾਤ ਦਾ ਕੰਮ ਹੈ ਕਿ ਉਸ ਮਸੀਹ ਮੌਊਦ ਦੇ ਕੰਮ ਨੂੰ ਅੱਗੇ ਵਧਾਵੇ ਅਤੇ ਆਂਹਜ਼ਰਤ

ਸੱਲ-ਲੱਲਾਹੁ ਅਲੈਹਿ-ਵਸੱਲਮ, ਇਸਲਾਮ ਅਤੇ ਕ਼ੁਰਆਨ ‘ਤੇ ਇਤਰਾਜ਼ ਕਰਨ ਵਾਲਿਆਂ ਦਾ ਦਲੀਲਾਂ ਨਾਲ਼ ਜਵਾਬ ਦੇਵੇ ਅਤੇ ਇਸ ਫ਼ਿਤਨੇ ਦਾ ਸਿਰ ਕੁਚਲੇ। ਇਹ ਖ਼ੁਦਾ ਦਾ ਵਾਅਦਾ ਹੈ ਕਿ ਮਸੀਹ ਮੌਊਦ ਦੀ ਸੱਚਾਈ ਦੁਨਿਆ ਵਿੱਚ ਫੈਲਣੀ ਸੀ ਅਤੇ ਫੈਲੀ ਹੈ ਅਤੇ ਫੈਲੇਗੀ, ਚਾਹੇ ਆਪਣੇ ਵਿਰੋਧ ਕਰਨ ਜਾਂ ਗ਼ੈਰ, ਉਸ ਦਾ ਕੋਈ ਅਸਰ ਨਹੀਂ ਹੋਵੇਗਾ।

ਲੋਕ ਕਹਿੰਦੇ ਹਨ ਕਿ ਮਸੀਹ ਮੌਊਦ ਕਿਉਂ ਆਇਆ ਜਦਕਿ ਅਸੀਂ ਸਾਰੇ “ਅਰਕਾਨਿ ਇਸਲਾਮ” ‘ਤੇ ਅਮਲ ਕਰਦੇ ਹਾਂ? ਇਸ ਦਾ ਜਵਾਬ ਖ਼ੁਦ ਹਜ਼ੂਰ ਨੇ ਦਿੱਤਾ ਕਿ ਤੁਹਾਡੀ ਆਪਣੀ ਹਾਲਤ ਇਸਦਾ ਜਵਾਬ ਹੈ ਕਿ ਬਾਵਜੂਦ ਚੰਗੇ ਕਰਮਾਂ ਦੇ ਚੰਗੇ ਨਤੀਜੇ ਕਿਉਂ ਨਹੀਂ ਨਿਕਲ਼ ਰਹੇ। ਉਹਨਾਂ ਦੇ ਸਾਰੇ ਕਰਮ ਚੰਗੇ ਕਰਮਾਂ ਦੇ ਰੰਗ ਵਿੱਚ ਨਹੀਂ ਹਨ ਬਲਕਿ ਸਿਰਫ਼ ਇੱਕ ਚੰਮ ਵਰਗੇ ਹਨ ਜਿਸ ਵਿੱਚ ਮਗ਼ਜ਼ ਨਹੀਂ ਹੈ। ਮੁਸਲਮਾਨ ਖ਼ੁਦ ਵੀ ਅੱਜ ਇਕ਼ਰਾਰ ਕਰਦੇ ਹਨ ਕਿ ਅਸੀਂ ਬਰਬਾਦੀ ਵਿੱਚ ਹਾਂ ਅਤੇ ਇੱਕ ਸੁਧਾਰਕ ਨੂੰ ਆਉਣਾ ਚਾਹੀਦਾ ਹੈ ਜਿਹੜਾ ਸਾਡੀ ਮਦਦ ਕਰੇ। ਫ਼ਰਮਾਇਆ: ਇਹ ਸਾਰੇ ਵਿਰੋਧੀ ਵੀ ਸਾਡੇ ਨੌਕਰ ਚਾਕਰ ਹਨ ਕਿ ਸਾਡਾ ਸੁਨੇਹਾ ਇੱਕ ਤਰ੍ਹਾਂ ਜ਼ਮੀਨ ਵਿੱਚ ਪਹੁੰਚਾ ਰਹੇ ਹਨ ਭਾਵੇਂ ਵਿਰੋਧ ਨਾਲ਼ ਹੀ ਸਹੀ। ਮੈਨੂੰ ਕਹਿੰਦੇ ਹਨ ਕਿ ਦੁਕਾਨਦਾਰੀ ਫੈਲਾਈ ਹੋਈ ਹੈ ਜੇਕਰ ਇਸ ਨੂੰ ਦੁਕਾਨਦਾਰੀ ਕਹਿਣਾ ਹੈ ਤਾਂ ਸਾਡਾ ਕੰਮ ਦੁਨਿਆਦਾਰੀ ਦੇ ਲਈ ਮੁਰਦਿਆਂ ਵਾਂਗ ਹੈ। ਸਾਡਾ ਕੰਮ ਦੀਨ ਨੂੰ ਬਿਦਅਤਾਂ ਤੋਂ ਬਚਾਉਣਾ ਹੈ ਅਤੇ ਇਸਲਾਮ ਸਮੇਤ ਦੂਸਰੇ ਧਰਮਾਂ ਦੀ ਹਕ਼ੀਕ਼ਤ ਨੂੰ ਜ਼ਾਹਿਰ ਕਰਨਾ ਹੈ। ਖ਼ੁਦਾ ਨੇ ਰਹਿਮਤ ਦੇ ਤੌਰ ‘ਤੇ ਕ਼ੁਰਆਨ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਭੇਜਿਆ। ਰਮਜ਼ਾਨ ਦੇ ਦਿਨਾਂ ਵਿੱਚ ਕ਼ੁਰਆਨ ਪੜ੍ਹਨ, ਸਮਝਣ, ਇਸਲਾਮੀ ਸਿੱਖਿਆ ਨੂੰ ਅਪਣਾਉਣ ਅਤੇ ਉਸ ਦਾ ਦੁਨੀਆ ਵਿੱਚ ਪ੍ਰਚਾਰ ਜ਼ਿਆਦਾ ਤੋਂ ਜ਼ਿਆਦਾ ਕਰਕੇ ਸਾਨੂੰ ਹਜ਼ਰਤ ਮਸੀਹ ਮੌਊਦ ਦੇ ਮਿਸ਼ਨ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਆਖ਼ਿਰ ਵਿੱਚ ਮੈਂ ਪਾਕਿਸਤਾਨ ਦੇ ਅਹਿਮਦੀਆਂ ਦੇ ਲਈ ਵੀ ਦੁਆ ਦੀ ਦਰਖ਼ਾਸਤ ਕਰਨਾ ਚਾਹੁੰਦਾ ਹਾਂ। ਅੱਲਾਹ ਤਆਲਾ ਉਹਨਾਂ ਦੇ ਹਾਲਾਤਾਂ ਵਿੱਚ ਆਸਾਨੀ ਪੈਦਾ ਕਰੇ। ਅੱਜ ਕੱਲ ਦੁਸ਼ਮਣ ਪੂਰਾ ਜ਼ੋਰ ਲਾ ਰਹੇ ਹਨ, ਹਰ ਤਰ੍ਹਾਂ ਤਕਲੀਫ਼ਾਂ ਪਹੁੰਚਾਉਣ ਦੀ ਕੋਸ਼ਿਸ਼ਾਂ ਕਰ ਰਹੇ ਹਨ। ਜਿਹੜਾ ਵੀ ਹੀਲਾ ਬਹਾਨਾ ਉਹਨਾਂ ਨੂੰ ਮਿਲ਼ਦਾ ਹੈ ਉਸ ਨਾਲ਼ ਉਹਨਾਂ ਦਾ ਮਕ਼ਸਦ ਇਹੀ ਹੈ ਕਿ ਅਹਮਦੀਆਂ ਨੂੰ ਨੁਕ਼ਸਾਨ ਪਹੁੰਚਾਇਆ ਜਾਵੇ। ਅੱਲਾਹ ਤਆਲਾ ਉਹਨਾਂ ਸਾਰਿਆਂ ਦੀ ਹਿਫ਼ਾਜ਼ਤ ਕਰੇ। ਆਮ ਤੌਰ ‘ਤੇ ਮੁਸਲਮਾਨ ਕ਼ੌਮ ਦੇ ਲਈ ਵੀ ਦੁਆ ਕਰੋ ਅੱਲਾਹ ਤਆਲਾ ਉਹਨਾਂ ਨੂੰ ਵੀ ਅਕ਼ਲ ਅਤੇ ਸਮਝ ਦੇਵੇ ਅਤੇ ਉਹਨਾਂ ਦੇ ਹਾਲਾਤ ਬਿਹਤਰ ਕਰੇ, ਉਹਨਾਂ ‘ਤੇ ਰਹਿਮ ਫ਼ਰਮਾਏ। ਮਿਡਲ ਈਸਟ ਦੇ ਮੁਸਲਮਾਨ ਜਿਹੜੇ ਹਨ ਉਹਨਾਂ ‘ਤੇ ਦੁਬਾਰਾ ਜ਼ੁਲਮ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਹੈ। ਅੱਲਾਹ ਤਆਲਾ ਉਹਨਾਂ ਨੂੰ ਵੀ ਇਸ ਜ਼ੁਲਮ ਤੋਂ ਮਹਿਫ਼ੂਜ਼ ਰੱਖੇ। ਉਹਨਾਂ ਤੇ ਰਹਿਮ ਫ਼ਰਮਾਏ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞